**ਪਾਰਟ-।**

**ਸੀ.ਆਰ.ਏ. 301/23 ਅਧੀਨ ਸਹਾਇਕ ਲਾਈਨਮੈਨ ਦੀ ਅਸਾਮੀ ਲਈ ਪੰਜਾਬੀ ਭਾਸ਼ਾ ਦਾ ਸੈਂਪਲ ਪੇਪਰ**

ਪੀ.ਐਸ.ਪੀ.ਸੀਐਲ. ਵੱਲੋਂ ਸੀ.ਆਰ.ਏ. 301/23 ਅਧੀਨ ਸਹਾਇਕ ਲਾਈਨਮੈਨ ਦੀਆਂ 2500 ਅਸਾਮੀਆਂ ਵਿਗਿਆਪਤ ਕੀਤੀਆਂ ਗਈਆਂ ਹਨ ਇਸ ਸਬੰਧੀ ਪੰਜਾਬੀ ਦੀ ਪ੍ਰੀਖਿਆ ਦਾ ਸੈਂਪਲ ਪੇਪਰ ਹੇਠ ਲਿਖੇ ਅਨੁਸਾਰ ਹੈ:-

**ਨੋਟ: ਸਾਰੇ ਉਮੀਦਵਾਰਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਇਹ ਇੱਕ ਸੈਂਪਲ ਪ੍ਰਸ਼ਨ ਪੱਤਰ ਹੈ ਜੋ ਕਿ ਉਮੀਦਵਾਰਾਂ ਦੀ ਸਹੂਲਤ ਲਈ ਜਾਰੀ ਕੀਤਾ ਜਾ ਰਿਹਾ ਹੈ ਇਸ ਨੂੰ ਕਾਨੂੰਨੀ ਮਾਮਲੇ ਸਬੰਧੀ ਅਧਾਰ ਨਹੀਂ ਬਣਾਇਆ ਜਾ ਸਕਦਾ।**

1. ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਕਿੰਨੇ ਸਾਲ ਦੀ ਉਮਰ ਵਿੱਚ ਪਾਂਧੇ ਕੋਲ ਪੜਨ ਲਈ ਭੇਜਿਆ ਗਿਆ?

    (1) ਚਾਰ ਸਾਲ ਦੀ ਉਮਰ ਵਿੱਚ

    (2) ਪੰਜ ਸਾਲ ਦੀ ਉਮਰ ਵਿੱਚ

    (3) ਛੇ ਸਾਲ ਦੀ ਉਮਰ ਵਿੱਚ

    (4) ਸੱਤ ਸਾਲ ਦੀ ਉਮਰ ਵਿੱਚ

ਉੱਤਰ (4) ਸੱਤ ਸਾਲ ਦੀ ਉਮਰ ਵਿੱਚ

2. ਸ੍ਰੀ ਗੁਰੂ ਤੇਗ ਬਹਾਦੁਰ ਜੀ ਨੂੰ ਕਿਸ ਸਥਾਨ ਤੇ ਸ਼ਹੀਦ ਕੀਤਾ ਗਿਆ?

    (1) ਆਗਰਾ ਵਿਖੇ

    (2) ਚਾਂਦਨੀ ਚੌਂਕ ਦਿੱਲੀ ਵਿਖੇ

    (3) ਗਵਾਲੀਅਰ ਵਿਖੇ

    (4) ਲਾਹੌਰ ਵਿਖੇ

ਉੱਤਰ (2) ਚਾਂਦਨੀ ਚੌਂਕ ਦਿੱਲੀ ਵਿਖੇ

3. ਸ੍ਰੀ ਗੁਰੂ ਅਰਜਨ ਦੇਵ ਜੀ ਸਿੱਖਾਂ ਦੇ ਕਿੰਨਵੇਂ ਗੁਰੂ ਹਨ।

    (1) ਪਹਿਲੇ

    (2) ਦੂਜੇ

    (3) ਪੰਜਵੇਂ

    (4) ਸੱਤਵੇਂ

ਉੱਤਰ (3) ਪੰਜਵੇਂ

4. ਜਫਰਨਾਮਾ ਰਚਨਾ ਕਿਸ ਗੁਰੂ ਸਾਹਿਬਾਨ ਦੀ ਰਚਨਾ ਹੈ?

    (1) ਸ੍ਰੀ ਗੁਰੂ ਨਾਨਕ ਦੇਵ ਜੀ

    (2) ਸ੍ਰੀ ਗੁਰੂ ਅਰਜਨ ਦੇਵ ਜੀ

    (3) ਸ੍ਰੀ ਗੁਰੂ ਤੇਗ ਬਹਾਦਰ ਜੀ

    (4) ਸ੍ਰੀ ਗੁਰੂ ਗੋਬਿੰਦ ਸਿੰਘ ਜੀ

ਉੱਤਰ (4) ਸ੍ਰੀ ਗੁਰੂ ਗੋਬਿੰਦ ਸਿੰਘ ਜੀ

5. Don’t make the excuses ਵਾਕ ਦਾ ਸਹੀ ਪੰਜਾਬੀ ਰੂਪ ਹੈ:

(1) ਬਹਾਨਾ ਨਾ ਬਣਾਓ

(2) ਬਹਾਨੇ ਨਾ ਬਣਾਓ

(3) ਬਹਾਨਾ ਨਾ ਬਣਾ

(4) ਬਹਾਨਿਆਂ ਨੂੰ ਨਾ ਬਣਾ

ਉੱਤਰ (2) ਬਹਾਨੇ ਨਾ ਬਣਾਓ

6. ‘ਕਸਾਈ’ ਸ਼ਬਦ ਦਾ ਸਹੀ ਲਿੰਗ ਦੱਸੋ

(1) ਕਸੈਣ

(2) ਕਸਾਈਨ

(3) ਕਸਾਇਣ

(4) ਕਸਾਈਅਨ

ਉੱਤਰ (3) ਕਸਾਇਣ

7. ‘ਸੂਰਜ’ ਸ਼ਬਦ ਦਾ ਸਹੀ ਲਿੰਗ ਦੱਸੋ

(1) ਸੂਰਜ

(2) ਸੂਰਜੀ

(3) ਸੂਰਜਨੀ

(4) ਇਨ੍ਹਾਂ ਵਿੱਚੋਂ ਕੋਈ ਵੀ ਨਹੀਂ

ਉੱਤਰ (4) ਇਨ੍ਹਾਂ ਵਿੱਚੋਂ ਕੋਈ ਵੀ ਨਹੀਂ

8. ਕ੍ਰਿਪਾ ਕਰਕੇ ਪੰਨਾ ਪਲਟੋ

(1) please see over the page.

(2) Please turn on the page.

(3) Please turn over the page.

(4) Please turns over the paper.

ਉੱਤਰ (3) Please turn over the page.

9. ‘Desire’ ਸ਼ਬਦ ਦਾ ਸਹੀ ਪੰਜਾਬੀ ਅਨੁਵਾਦ ਕੀ ਹੋਵੇਗਾ

(1) ਇੱਛਤ

(2) ਇੱਛਾ

(3) ਚਾਹਵਾਨ

(4) ਖਾਹਿਸ਼ਵਾਨ

ਉੱਤਰ (2) ਇੱਛਾ

10. ਪੰਜਾਬ ਦਾ ਕਿਹੜਾ ਮੇਲਾ ਹੈ ਜੋ ਕੇਵਲ ਇਸਤਰੀਆਂ ਨਾਲ ਸਬੰਧਿਤ ਹੈ।

(1) ਜਰਗ ਦਾ ਮੇਲਾ

(2) ਤੀਆਂ ਦਾ ਮੇਲਾ

(3) ਛਪਾਰ ਦਾ ਮੇਲਾ

(4) ਮੁਕਤਸਰ ਦਾ ਮੇਲਾ

ਉੱਤਰ (2) ਤੀਆਂ ਦਾ ਮੇਲਾ

11 ਲੋਹੜੀ ਦਾ ਤਿਓਹਾਰ ਕਦੋਂ ਮਨਾਇਆ ਜਾਂਦਾ ਹੈ।

(1) ਮਾਘ ਦੇ ਮਹੀਨੇ

(2) ਸਾਵਣ ਦੇ ਮਹੀਨੇ

(3) ਫੱਗਣ ਦੇ ਮਹੀਨੇ

(4) ਪੋਹ ਦੇ ਮਹੀਨੇ

ਉੱਤਰ (4) ਪੋਹ ਦੇ ਮਹੀਨੇ

12. ਬਰਾਤੀਆਂ ਨਾਲ ਮਖੌਲਾਂ, ਹਾਸੇ-ਠੱਠੇ ਨਾਲ ਸਬੰਧਿਤ ਲੋਕ-ਗੀਤ ਦਾ ਕਿਹੜਾ ਰੂਪ ਪ੍ਰਚੱਲਿਤ ਹੈ।

(1) ਮਾਹੀਆ

(2) ਪੱਤਲ

(3) ਲੋਰੀ

(4) ਸਿੱਠਣੀਆਂ

ਉੱਤਰ (4) ਸਿੱਠਣੀਆਂ

13. ਲੜਕੇ ਦੇ ਵਿਆਹ ਸਮੇਂ ਲੜਕੇ ਵਾਲਿਆਂ ਵੱਲੋਂ ਕਿਹੜੇ ਗੀਤ ਗਾਏ ਜਾਂਦੇ ਹਨ

(1) ਸੁਹਾਗ

(2) ਘੋੜੀਆਂ

(3) ਲੋਰੀਆਂ

(4) ਆਲਹੁਣੀਆਂ

ਉੱਤਰ (2) ਘੋੜੀਆਂ

14. ਸ਼ੁੱਧ ਸ਼ਬਦ ਦੱਸੋ

(1) ਸੌਮਵਾਰ

(2) ਸੋਬਵਾਰ

(3) ਸੋਮਵਾਰ

(4) ਸੋਮਬਾਰ

ਉੱਤਰ (3) ਸੋਮਵਾਰ

15. ਹੇਠ ਲਿਖਿਆਂ ਵਿੱਚੋਂ ਕਿਸ ਮੁਹਾਵਰੇ ਦਾ ਅਰਥ ਨਸ਼ਰ ਕਰਨਾ ਹੈ

(1) ਛੱਜ ਪਾ ਕੇ ਛੱਟਣਾ

(2) ਜੱਖਣਾ ਪੱਟਣੀ

(3) ਸੁੱਤੀਆਂ ਕਲਾਂ ਜਗਾਣੀਆਂ

(4) ਘਰ ਫੂਕ ਤਮਾਸ਼ਾ ਵੇਖਣਾ

ਉੱਤਰ (1) ਛੱਜ ਪਾ ਕੇ ਛੱਟਣਾ

16 ਧੋਬੀ ਕੱਪੜੇ ਧੋਂਦੇ ਹਨ ਵਾਕ ਨੂੰ ਲਿੰਗ ਅਨੁਸਾਰ ਬਦਲੋ

(1) ਧੋਬਣ ਕੱਪੜੇ ਧੋਂਦੀ ਹੈ

(2) ਧੋਬਣ ਨੇ ਕੱਪੜੇ ਧੋਤੇ

(3) ਧੋਬਣਾਂ ਨੇ ਕੱਪੜਿਆਂ ਦੀ ਧੁਲਾਈ ਕੀਤੀ

(4) ਧੋਬਣਾ ਕੱਪੜੇ ਧੋਂਦੀਆਂ ਹਨ

ਉੱਤਰ (4) ਧੋਬਣਾ ਕੱਪੜੇ ਧੋਂਦੀਆਂ ਹਨ

17. ਪੜਨਾਵ ਦੀਆਂ ਕਿੰਨੀਆਂ ਕਿਸਮਾਂ ਹੁੰਦੀਆਂ ਹਨ

(1) ਅੱਠ

(2) ਪੰਜ

(3) ਸੱਤ

(4) ਛੇ

ਉੱਤਰ (4) ਛੇ

18. ਸ਼ੁੱਧ ਵਾਕ ਦੱਸੋ

(1) ਮੱਜ ਦਾ ਦੁੱਧ ਮਿੱਠਾ ਹੁੰਦਾ ਹੈ

(2) ਮੱਝ ਦਾ ਦੁਧ ਮਿੱਠਾ ਹੁੰਦਾ ਹੈ

(3) ਮੱਝ ਦਾ ਦੁੱਦ ਮਿੱਠਾ ਹੁੰਦਾ ਹੈ

(4) ਮੱਝ ਦਾ ਦੁੱਧ ਮਿੱਠਾ ਹੁੰਦਾ ਹੈ

ਉੱਤਰ (4) ਮੱਝ ਦਾ ਦੁੱਧ ਮਿੱਠਾ ਹੁੰਦਾ ਹੈ

19. ਗੁਆਂਢਣ ਵਿੱਚ ਪਿਛੇਤਰ ਦੱਸੋ

(1) ਣ

(2) ਢਣ

(3) ਆਂਢਣ

(4) ਕੋਈ ਨਹੀਂ

ਉੱਤਰ (1) ਣ

20. ਅਨੋਖਾ ਸ਼ਬਦ ਦਾ ਵਿਰੋਧੀ ਸ਼ਬਦ

(1) ਸਧਾਰਨ

(2) ਅਮੀਰ

(3) ਅਲੋਕਿਕ

(4) ਠੱਗ

ਉੱਤਰ (1) ਸਧਾਰਨ

21 ਕਿਸ ਸ਼ਬਦ ਦਾ ਸਬੰਧ 'ਬੇ' ਅਗੇਤਰ ਨਾਲ ਹੈ

(1) ਬੇਅਕਲ

(2) ਬੇਲੀ

(3) ਬੇਰ

(4) ਬੇੜੀਆਂ

ਉੱਤਰ (1) ਬੇਅਕਲ

22 ਮੈਂ ਆਪ ਉਸ ਨੂੰ ਬਾਹਰ ਕੱਢਣ ਗਿਆ ਵਾਕ ਵਿੱਚ 'ਆਪ' ਕਿਸ ਦਾ ਪ੍ਰਕਾਰਜ ਹੈ

(1) ਨਿੱਜ ਵਾਚਕ ਪੜਨਾਵ

(2) ਪੁਰਖਵਾਚਕ ਪੜਨਾਵ

(3) ਸਬੰਧਵਾਚਕ

(4) ਨਿਸ਼ਚੇਵਾਚਕ

ਉੱਤਰ (1) ਨਿੱਜ ਵਾਚਕ ਪੜਨਾਵ

23 ਹੇਠ ਲਿਖਿਆਂ ਵਿੱਚੋਂ ਕਿਹੜਾ ਸ਼ਬਦ ਵੱਡੀ ਤੱਕੜੀ ਦਾ ਸਮਾਨਆਰਥਕ ਹੈ

(1) ਸੂਈ

(2) ਸੂਆ

(3) ਸੂਲ

(4) ਕੰਢਾ

ਉੱਤਰ ( 4) ਕੰਢਾ

24 ਅੰਗਰੇਜ਼ੀ ਦੇ ਸ਼ਬਦ 'District' ਲਈ ਸ਼ੁੱਧ ਪੰਜਾਬ ਰੂਪ ਚੁਣੋ

(1) ਜ਼ਿਲ੍ਹਾ

(2) ਜਿਲਾ

(3) ਜ਼ਿਲਾ

(4) ਜਿੱਲਾ

ਉੱਤਰ (1) ਜ਼ਿਲ੍ਹਾ

25 ਜਦੋਂ ਕਿਸੇ ਗੱਲ ਨੂੰ ਬਹੁਤ ਸਤਿਕਾਰ ਨਾਲ ਮੰਨਣਾ ਹੋਵੇ ਤਾਂ ਕਿਹੜਾ ਮੁਹਾਵਰਾ ਵਰਤਿਆ ਜਾਂਦਾ ਹੈ

(1) ਸਿਰ ਤੇ ਬੈਠਣਾ

(2) ਸਿਰ ਮੱਥੇ 'ਤੇ

(3) ਸਿਰ ਫੇਰਨਾ

(4) ਸਿਰ ਨੀਵਾਂ ਹੋਣਾ

ਉੱਤਰ (1) ਸਿਰ ਮੱਥੇ 'ਤੇ

26 ‘ਸੱਤੀ ਕੱਪੜੀ ਅੱਗ ਲੱਗਣਾ’ ਮੁਹਾਵਰੇ ਦੇ ਅਰਥ ਹਨ

(1) ਬਹੁਤ ਖੁਸ਼ ਹੋਣਾ

(2) ਬਹੁਤ ਗੁੱਸੇ ਹੋਣਾ

(3) ਬਹੁਤ ਡਰ ਜਾਣਾ

(4) ਬਹੁਤ ਬੇਅਰਾਮ ਹੋਣਾ

ਉੱਤਰ (2) ਬਹੁਤ ਗੁੱਸੇ ਹੋਣਾ

27 ਸੁੰਦਰ, ਤੇਜ਼, ਹੌਲ਼ੀ, ਕਾਲ਼ਾ, ਗੋਰਾ ਕੀ ਹਨ

(1) ਨਾਂਵ

(2) ਵਿਸ਼ੇਸ਼ਣ

(3) ਯੋਜਕ

(4) ਸਬੰਧਕ

ਉੱਤਰ (2) ਵਿਸ਼ੇਸ਼ਣ

28 95 ਦਾ ਸ਼ੁੱਧ ਪੰਜਾਬੀ ਰੂਪ ਕਿਹੜਾ ਹੈ

(1) ਪੰਚਾਨਵੇ

(2) ਪਚਾਨਵੇਂ

(3) ਪੰਚ੍ਹਾਨਵੇ

(4) ਪਚੰਨਵੇਂ

ਉੱਤਰ (2) ਪਚਾਨਵੇਂ

29 ਹੇਠਾਂ ਬ੍ਰੈਕਟ ਵਿੱਚ ਦਿੱਤੇ ਚਿੰਨ੍ਹਾਂ ਵਿੱਚੋਂ ਕਿਸ ਵਿਸ਼ਰਾਮ-ਚਿੰਨ੍ਹ ਦਾ ਨਾਂ ਜੋੜਨੀ ਹੈ

(1) (-)

(2) (/)

(3) (:)

(4) (›)

ਉੱਤਰ (1) (-)

30 ਸ਼ਹੀਦਾਂ ਦੇ ਸਰਤਾਜ ਕਿਸ ਗੁਰੂ ਸਾਹਿਬਾਨ ਨੂੰ ਆਖਿਆ ਜਾਂਦਾ ਹੈ

(1) ਸ੍ਰੀ ਗੁਰੂ ਤੇਗ ਬਹਾਦਰ ਜੀ

(2) ਸ੍ਰੀ ਗੁਰੂ ਗੋਬਿੰਦ ਸਿੰਘ ਜੀ

(3) ਸ੍ਰੀ ਗੁਰੂ ਅਰਜਨ ਦੇਵ ਜੀ

(4) ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ

ਉੱਤਰ (3) ਸ੍ਰੀ ਗੁਰੂ ਅਰਜਨ ਦੇਵ ਜੀ

31 ਬਦਸੂਰਤ, ਬਦਸ਼ਕਲ, ਕੋਝਾ, ਭੈੜਾ ਸ਼ਬਦ ਦਾ ਸਮਾਨਆਰਥੀ ਹੈ

(1) ਬੇਅਕਲ

(2) ਕਰੂਪ

(3) ਸੁੰਦਰ

(4) ਹਸੀਨ

ਉੱਤਰ (2) ਕਰੂਪ

32 'ਸੇਵਾ' ਸ਼ਬਦ ਦਾ ਸਹੀ ਬਹੁਵਚਨ ਚੁਣੋ

(1) ਸੇਵਾਵਾ

(2) ਸੇਵਾਆਂ

(3) ਸੇਵਾਂ

(4) ਸੇਵਾਵਾਂ

ਉੱਤਰ (4) ਸੇਵਾਵਾਂ

33 'ਪੰਜੇਬ' ਸ਼ਬਦ ਦਾ ਬਹੁਵਚਨ ਚੁਣੋ

(1) ਪੰਜੇਬਾਂ

(2) ਪੰਜੇਬ

(3) ਪੰਜਾਬਣ

(4) ਪੰਜੇਬਾਵਾਂ

ਉੱਤਰ (1) ਪੰਜੇਬਾਂ

34 ਪੰਜਾਬੀ ਭਾਸ਼ਾ ਦੀ ਲਿੱਪੀ ਕਿਹੜੀ ਹੈ

(1) ਰੋਮਨ

(2) ਗੁਰਮੁਖੀ

(3) ਫਾਰਸੀ

(4) ਦੇਵਨਾਗਰੀ

ਉੱਤਰ (2) ਗੁਰਮੁਖੀ

35 'ਸੁੱਚਾ' ਸ਼ਬਦ ਦਾ ਵਿਰੋਧੀ ਸ਼ਬਦ ਲੱਭੋ

(1) ਕੁੜੱਤਣ

(2) ਜੂਠਾ

(3) ਮੈਲ਼ਾ

(4) ਸਾਰੇ ਹੀ

ਉੱਤਰ (2) ਜੂਠਾ

36 ਪੰਜਾਬੀ ਸੱਭਿਆਚਾਰ ਵਿੱਚ 'ਛੂਛਕ' ਹੈ

(1) ਵਿਆਹ ਨਾਲ ਸਬੰਧਿਤ ਰਸਮ

(2) ਮੰਗਣੇ ਨਾਲ ਸਬੰਧਿਤ ਰਸਮ

(3) ਜਨਮ ਨਾਲ ਸਬੰਧਿਤ ਰਸਮ

(4) ਦਹੇਜ਼ ਨਾਲ ਸਬੰਧਿਤ ਰਸਮ

ਉੱਤਰ (3) ਜਨਮ ਨਾਲ ਸਬੰਧਿਤ ਰਸਮ

37 ਹੇਠ ਲਿਖਿਆਂ ਵਿੱਚੋਂ ਕਿਹੜਾ ਤਿਓਹਾਰ ਕੱਤਕ ਮਹੀਨੇ ਦੀ ਮੱਸਿਆ ਨੂੰ ਮਨਾਇਆ ਜਾਂਦਾ ਹੈ

(1) ਰੱਖੜੀ

(2) ਲੋਹੜੀ

(3) ਬਸੰਤ ਪੰਚਮੀ

(4) ਦਿਵਾਲੀ

ਉੱਤਰ (4) ਦਿਵਾਲੀ

38 ਹੇਠਾਂ ਦਿੱਤੇ ਅਖਾਣਾ ਵਿੱਚੋਂ ਕਿਹੜਾ ਸਹੀ ਹੈ

(1) ਅੰਮਾ ਦੀ ਧੀ ਸੁਆਣੀ, ਰਿੱਧੇ ਪੱਕੇ ਪਾਏ ਪਾਣੀ

(2) ਅੰਮਾ ਦੀ ਨੂੰਹ ਸੁਆਣੀ, ਰਿੱਧੇ ਪੱਕੇ ਪਾਏ ਪਾਣੀ

(3) ਅੰਮਾ ਦੀ ਨੂੰਹ ਰਾਣੀ, ਰਿੱਧੇ ਪੱਕੇ ਪਾਏ ਪਾਣੀ

(4) ਅੰਮਾ ਦੀ ਧੀ ਸਿਆਣੀ, ਰਿੱਧੇ ਪੱਕੇ ਪਾਏ ਪਾਣੀ

ਉੱਤਰ (4) ਅੰਮਾ ਦੀ ਧੀ ਸਿਆਣੀ, ਰਿੱਧੇ ਪੱਕੇ ਪਾਏ ਪਾਣੀ

39 ਹੇਠ ਲਿਖਿਆ ਵਿਚੋਂ ਕਿਹੜਾ ਸ਼ਬਦ 'ਬਦਸੂਰਤ' ਦਾ ਸਮਾਨਾਰਥੀ ਨਹੀਂ ਹੈ

(1) ਬਦਸ਼ਕਲ

(2) ਅਰੂਪ

(3) ਕਰੂਪ

(4) ਕੋਝਾ

ਉੱਤਰ (2) ਅਰੂਪ

40 ਨਿਮਨਲਿਖਤ ਵਿੱਚੋਂ ਸਹੀ ਵਿਸ਼ਰਾਮ ਚਿੰਨ੍ਹਾਂ ਵਾਲਾ ਵਾਕ ਕਿਹੜਾ ਹੈ

(1) ਵਾਹ, ਤੁਸੀਂ ਤਾਂ ਕਮਾਲ ਹੀ ਕਰ ਦਿੱਤੀ

(2) ਵਾਹ! ਤੁਸੀਂ ਤਾਂ ਕਮਾਲ ਹੀ ਕਰ ਦਿੱਤੀ।

(3) ਵਾਹ, ਤੁਸੀਂ ਤਾਂ ਕਮਾਲ ਹੀ ਕਰ ਦਿੱਤੀ!

(4) ਵਾਹ! ਤੁਸੀਂ ਤਾਂ ਕਮਾਲ ਹੀ ਕਰ ਦਿੱਤੀ!

ਉੱਤਰ (2) ਵਾਹ! ਤੁਸੀਂ ਤਾਂ ਕਮਾਲ ਹੀ ਕਰ ਦਿੱਤੀ।

41 ਭਾਈ ਲਹਿਣਾ ਜੀ ਕਿਸ ਗੁਰੂ ਸਾਹਿਬਾਨ ਦਾ ਪਹਿਲਾ ਨਾਂਅ ਸੀ

(1) ਗੁਰੂ ਅੰਗਦ ਦੇਵ ਜੀ ਦਾ

(2) ਗੁਰੂ ਰਾਮਦਾਸ ਜੀ ਦਾ

(3) ਗੁਰੂ ਅਮਰਦਾਸ ਜੀ ਦਾ

(4) ਗੁਰੂ ਹਰਿ ਰਾਇ ਜੀ ਦਾ

ਉੱਤਰ (1) ਗੁਰੂ ਅੰਗਦ ਦੇਵ ਜੀ ਦਾ

42 'ਲਾ' ਅਗੇਤਰ ਲੱਗ ਕੇ ਬਣਨ ਵਾਲਾ ਸਹੀ ਸ਼ਬਦ ਚੁਣੋ

(1) ਲਾਹਣ

(2) ਲਾਹੌਰ

(3) ਲਾਇਲਾਜ

(4) ਲਾਈਨ

ਉੱਤਰ (3) ਲਾਇਲਾਜ

43 ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਸਮੇਂ ਗੁਰੂ ਗੋਬਿੰਦ ਸਿੰਘ ਜੀ ਦੀ ਉਮਰ ਕਿੰਨੀ ਸੀ

(1) 5 ਸਾਲ

(2) 7 ਸਾਲ

(3) 9 ਸਾਲ

(4) 11 ਸਾਲ

ਉੱਤਰ (3) 9 ਸਾਲ

44 'ਚੰਗਿਆੜਿਆਂ' ਸ਼ਬਦ ਦੀ ਵਿਆਕਰਨਿਕ ਪਛਾਣ ਹੈ

(1) ਇਕਵਚਨ ਇਸਤਰੀ ਲਿੰਗ

(2) ਬਹੁਵਚਨ ਪੁਲਿੰਗ

(3) ਇਕਵਚਨ ਪੁਲਿੰਗ

(4) ਬਹੁਵਚਨ ਇਸਤਰੀ ਲਿੰਗ

ਉੱਤਰ (2) ਬਹੁਵਚਨ ਪੁਲਿੰਗ

45 ਨਿਮਨਲਿਖਤ ਸ਼ਬਦਾਂ ਵਿੱਚੋਂ ਕਿਸ ਸ਼ਬਦ ਦੁਆਰਾ 'ਘੋਗਲ_____ਬਣਨਾ' ਮੁਹਾਵਰੇ ਨੂੰ ਪੂਰਾ ਕੀਤਾ ਜਾ ਸਕਦਾ ਹੈ

(1) ਚਿੱਤ

(2) ਕੁੱਤਾ

(3) ਕੰਨਾ

(4) ਸ਼ੇਰ

ਉੱਤਰ (3) ਕੰਨਾ

46 ਪਿੱਪਲ ਪੱਤੀਆਂ ਸਰੀਰ ਦੇ ਕਿਸ ਅੰਗ ਨਾਲ ਸਬੰਧਿਤ ਗਹਿਣਾ ਹੈ

(1) ਗਲ਼

(2) ਕੰਨ

(3) ਸਿਰ

(4) ਨੱਕ

ਉੱਤਰ (2) ਕੰਨ

47 ਮਹਾਰਾਜਾ ਰਣਜੀਤ ਸਿੰਘ ਜੀ ਦਾ ਜਨਮ ਕਦੋਂ ਹੋਇਆ

(1) 1780

(2) 1782

(3) 1784

(4) 1788

ਉੱਤਰ (1) 1780

48 ਗੁਰੂ ਨਾਨਕ ਦੇਵ ਜੀ ਦਾ ਸਮਕਾਲੀ ਮੁਗਲ਼ ਸਾਸ਼ਕ ਕੌਣ ਸੀ

(1) ਅਕਬਰ

(2) ਬਾਬਰ

(3) ਜਹਾਂਗੀਰ

(4) ਹੰਮਾਯੂ

ਉੱਤਰ (2) ਬਾਬਰ

49 'Glow' ਸ਼ਬਦ ਦਾ ਸਹੀ ਪੰਜਾਬੀ ਅਨਵਾਦ ਕੀ ਹੋਵੇਗਾ

(1) ਘੂਰਨਾ

(2) ਸੋਹਣਾ

(3) ਚਮਕ

(4) ਜੁਗਨੂੰ

ਉੱਤਰ (3) ਚਮਕ

50 ਜਿਹੜੇ ਸ਼ਬਦ ਕਿਸੇ ਮਨੁੱਖ, ਵਸਤੂ ਜਾਂ ਸਥਾਨ ਦੇ ਨਾਵਾਂ ਦਾ ਬੋਧ ਕਰਵਾਉਣ ਉਨ੍ਹਾਂ ਨੂੰ ਕੀ ਕਿਹਾ ਜਾਂਦਾ ਹੈ

(1) ਨਾਂਵ

(2) ਪੜਨਾਵ

(3) ਵਿਸ਼ੇਸ਼ਣ

(4) ਕਾਰਕ

ਉੱਤਰ (1) ਨਾਂਵ